SOUTHWESTERN Public Health
Oxford • Elgin • St.Thomas

**St. Thomas Site**
1230 Talbot Street
St. Thomas N5P 1G9
519-631-9900

**Woodstock Site**
410 Buller Street
Woodstock N4S 4N2
519-421-9901

**1-800-922-0096 | www.swpublichealth.ca**



# ਆਪਰੇਟਰਾਂ ਲਈ ਮਾਰਗ-ਦਰਸ਼ਨ: ਕੰਨਾਂ ਨੂੰ ਵਿੰਨ੍ਹਣਾ

## ਸਿਹਤ ਸੰਬੰਧੀ ਸ਼ੰਕਾ

ਸੂਖਮ ਜੀਵ ਚਮੜੀ ਦੇ ਹੇਠਾਂ ਵਿੰਨ੍ਹੀ ਜਾਣ ਵਾਲੀ ਥਾਂ 'ਤੇ ਟਿਸ਼ੂ ਵਿੱਚ ਘੁਸਪੈਠ ਕਰ ਸਕਦੇ ਹਨ ਅਤੇ ਲਾਗ ਦਾ ਕਾਰਨ ਬਣ ਸਕਦੇ ਹਨ। ਕੰਨਾਂ ਨੂੰ ਵਿੰਨ੍ਹਣ ਲਈ ਵਰਤੇ ਜਾਂਦੇ ਸਾਜ਼ੋ-ਸਮਾਨ/ਯੰਤਰ ਖ਼ੂਨ ਨਾਲ ਜਾਂ
ਖ਼ੂਨ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਹੈਪੇਟਾਈਟਸ ਬੀ, ਹੈਪੇਟਾਈਟਸ ਸੀ ਅਤੇ ਐੱਚ.ਆਈ.ਵੀ. ਦੇ ਵਾਹਕ ਬਣਨ ਵਾਲੇ ਸਰੀਰਕ ਦ੍ਰਵਾਂ ਰਾਹੀਂ ਦੂਸ਼ਿਤ ਹੋ ਸਕਦੇ ਹਨ। **ਲਾਗ ਦੇ ਸੰਚਾਰ ਦੇ ਵਾਪਰਨ ਲਈ ਤੁਹਾਨੂੰ ਯੰਤਰਾਂ 'ਤੇ ਖ਼ੂਨ ਜਾਂ ਸਰੀਰਕ ਦ੍ਰਵ ਨੂੰ ਦੇਖਣ ਦੀ ਲੋੜ ਨਹੀਂ ਹੈ।**

## ਵਿਧਾਨਕ ਲੋੜਾਂ

ਨਿੱਜੀ ਸੇਵਾ ਸੈਟਿੰਗਾਂ (Personal Service Settings - PSSs) ਤੋਂ ਲੋੜਿਆ ਜਾਂਦਾ ਹੈ ਕਿ ਉਹ ਓਨਟੈਰੀਓ ਅਧਿਨਿਯਮ 136/18: ਨਿੱਜੀ ਸੇਵਾ ਸੈਟਿੰਗਾਂ ਦੀ ਤਾਮੀਲ ਕਰਦੇ ਹੋਏ ਕਾਰੋਬਾਰ ਚਲਾਉਣ।

ਨਿੱਜੀ ਸੇਵਾ ਸੈਟਿੰਗਾਂ ਦੇ ਆਪਰੇਟਰਾਂ ਅਤੇ ਸਟਾਫ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ ਪਬਲਿਕ ਹੈਲਥ ਓਨਟੈਰੀਓ ਵੱਲੋਂ ਬਣਾਈ ਨਿੱਜੀ ਸੇਵਾ ਸੈਟਿੰਗਾਂ ਵਿੱਚ ਲਾਗ ਦੀ ਰੋਕਥਾਮ ਅਤੇ ਕੰਟਰੋਲ ਲਈ ਗਾਈਡ ਦੀ ਸਮੀਖਿਆ ਕਰਨ ਤਾਂ ਜੋ PSS ਵਿੱਚ ਲਾਗਾਂ ਦੀ ਰੋਕਥਾਮ ਅਤੇ ਇਹਨਾਂ ਨੂੰ ਕੰਟਰੋਲ ਕਰਨ ਵਾਲੀਆਂ ਪ੍ਰਥਾਵਾਂ ਬਾਰੇ ਹੋਰ ਜਾਣਿਆ ਜਾ ਸਕੇ ਜੋ ਲਾਗਾਂ ਫੈਲਣ ਦੇ ਜੋਖ਼ਮ ਨੂੰ ਘੱਟ ਕਰਦੀਆਂ ਹਨ।

## ਸੂਚਿਤ ਰਜ਼ਾਮੰਦੀ

ਸਰਵਿਸ ਤੋਂ ਪਹਿਲਾਂ, ਆਪਰੇਟਰਾਂ ਨੂੰ ਗਾਹਕਾਂ ਨੂੰ ਲਾਜ਼ਮੀ ਤੌਰ 'ਤੇ ਪ੍ਰਕਿਰਿਆ ਦੀ ਵਿਆਖਿਆ ਅਤੇ ਪ੍ਰਕਿਰਿਆ ਨਾਲ ਜੁੜੇ ਕਿਸੇ ਵੀ ਜੋਖ਼ਮ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਸੇਵਾ ਪ੍ਰਦਾਨਕ ਨੂੰ ਇਹ ਦਸਤਾਵੇਜ਼ਬੱਧ ਕਰਨ ਲਈ ਇੱਕ ਰਿਕਾਰਡ ਰੱਖਣਾ ਚਾਹੀਦਾ ਹੈ ਕਿ ਜਾਣਕਾਰੀ ਪ੍ਰਦਾਨ ਕੀਤੀ ਗਈ ਸੀ।

## ਆਪਰੇਟਰ ਦੀ ਸਿਹਤ ਅਤੇ ਸੁਰੱਖਿਆ

- ਸੇਵਾ ਦੌਰਾਨ ਦਸਤਾਨੇ ਪਹਿਨੋ।
- ਦਸਤਾਨੇ ਪਾਉਣ ਤੋਂ ਪਹਿਲਾਂ ਅਤੇ ਉਤਾਰਨ ਤੋਂ ਬਾਅਦ ਹੱਥ ਧੋਵੋ।
- ਚੰਗੀ ਨਿੱਜੀ ਸਫਾਈ ਦਾ ਅਭਿਆਸ ਕਰੋ।
- ਸੇਵਾ ਦੌਰਾਨ ਖਾਣਾ, ਪੀਣਾ ਜਾਂ ਤੰਬਾਕੂਨੋਸ਼ੀ ਨਾ ਕਰੋ।
- SWPH ਸਿਫ਼ਾਰਸ਼ ਕਰਦਾ ਹੈ ਕਿ ਸਾਰੇ ਆਪਰੇਟਰਾਂ ਨੂੰ ਹੈਪੇਟਾਈਟਸ ਬੀ ਦੇ ਖ਼ਿਲਾਫ਼ ਵੈਕਸੀਨਾਂ ਲਗਾਈਆਂ ਜਾਣ।

## ਚਮੜੀ ਦੀ ਤਿਆਰੀ

- ਉਹਨਾਂ ਗਾਹਕਾਂ ਨੂੰ ਸੇਵਾ ਪ੍ਰਦਾਨ ਨਾ ਕਰੋ ਜਿਨ੍ਹਾਂ ਦੀ ਚਮੜੀ 'ਤੇ ਕੰਮ ਕੀਤੇ ਜਾ ਰਹੇ ਖੇਤਰ ਦੇ 6 ਇੰਚ ਦੇ ਅੰਦਰ ਕੱਟ, ਜ਼ਖ਼ਮ, ਧੱਫੜ ਜਾਂ ਦਿਖਾਈ ਦੇਣ ਵਾਲੀਆਂ ਚਮੜੀ ਦੀਆਂ ਲਾਗਾਂ ਹਨ।
- ਜੇਕਰ ਇੱਕੋ ਵਾਰ ਵਰਤੇ ਜਾਣ ਵਾਲੇ ਮਾਰਕਰ ਜਾਂ ਟੂੱਥਪਿਕ ਨਾਲ ਚਮੜੀ ਦੀ ਨਿਸ਼ਾਨਦੇਹੀ ਕਰਦੇ ਹੋ, ਤਾਂ ਚਮੜੀ 'ਤੇ ਨਿਸ਼ਾਨ ਲਗਾਓ ਅਤੇ ਜਦੋਂ ਨਿਸ਼ਾਨ ਸੁੱਕ ਜਾਵੇ, ਤਾਂ ਚਮੜੀ 'ਤੇ ਐਂਟੀਸੈਪਟਿਕ ਲਗਾਓ।
- ਪ੍ਰਕਿਰਿਆ ਤੋਂ ਪਹਿਲਾਂ, ਚਮੜੀ 'ਤੇ ਐਂਟੀਸੈਪਟਿਕ ਲਗਾਓ। ਚਮੜੀ ਵਾਸਤੇ ਐਂਟੀਸੈਪਟਿਕ ਵਿੱਚ ਨਿਮਨਲਿਖਤ ਸ਼ਾਮਲ ਹਨ ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ:
    - ਪੋਵੀਡੋਨ-ਆਇਓਡੀਨ ਦਾ ਘੋਲ਼
    - ਆਈਸੋਪ੍ਰੋਪਾਈਲ ਅਲਕੋਹਲ (50 - 91%)
    - ਈਥਾਈਲ ਅਲਕੋਹਲ (60 - 95%)

- ਜੇਕਰ ਲਾਗੂ ਹੁੰਦਾ ਹੈ, ਤਾਂ ਚਮੜੀ ਦੀ ਐਂਟੀਸੈਪਟਿਕ ਲਗਾਉਣ ਤੋਂ ਬਾਅਦ ਇੱਕ ਸਥਾਨਕੀ ਸਤਹ ਸੁੰਨ ਕਰਨ ਵਾਲੀ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਇਲਾਜ ਤੋਂ ਬਾਅਦ ਚਮੜੀ ਦੀ ਦੇਖਭਾਲ

- ਇੱਕ ਪ੍ਰਵਾਨਿਤ ਚਮੜੀ ਦੇ ਐਂਟੀਸੈਪਟਿਕ ਨਾਲ ਵਿੰਨੇ ਹੋਏ ਖੇਤਰ ਨੂੰ ਪੂੰਝੋ।
- ਜੇਕਰ ਕਿਸੇ ਮਲ੍ਹਮ ਜਾਂ ਲੁਬਰੀਕੈਂਟ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਹਨਾਂ ਨੂੰ ਅਜਿਹੇ ਤਰੀਕੇ ਨਾਲ ਦਿੱਤਾ ਜਾਣਾ ਚਾਹੀਦਾ ਹੈ ਜੋ ਗੰਦਗੀ ਨੂੰ ਰੋਕਦਾ ਹੈ ਭਾਵ ਕੋਈ ਡਬਲ ਡਿਪਿੰਗ (double dipping) ਨਹੀਂ ਕਰਨੀ।
- ਗਾਹਕਾਂ ਨੂੰ ਜ਼ੁਬਾਨੀ ਅਤੇ ਲਿਖਤੀ ਤੌਰ 'ਤੇ ਬਾਅਦ ਦੀ ਦੇਖਭਾਲ ਵਾਸਤੇ ਹਿਦਾਇਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜਿਸ ਵਿੱਚ ਇਹ ਸ਼ਾਮਲ ਹੋਣੇ ਚਾਹੀਦੇ ਹਨ:
  - ਸਾਈਟ ਨੂੰ ਛੂਹਣ ਤੋਂ ਤੁਰੰਤ ਪਹਿਲਾਂ ਹੱਥ ਸਾਫ਼ ਕਰੋ
  - ਸੰਸ਼ੋਧਿਤ ਖੇਤਰ ਨੂੰ, ਜਿੱਥੇ ਲਾਗੂ ਹੁੰਦਾ ਹੋਵੇ, ਜ਼ਖ਼ਮ ਨੂੰ ਢਕਣ ਲਈ ਇੱਕ ਵਾਰ ਵਰਤੀ ਜਾਣ ਵਾਲੀ ਪੱਟੀ ਨਾਲ ਢਕੋ
  - ਸਾਈਟ ਦੇ ਠੀਕ ਹੋਣ ਦਾ ਅਨੁਮਾਨਿਤ ਸਮਾਂ
  - ਸੰਭਾਵੀ ਪੇਚੀਦਗੀਆਂ ਅਤੇ ਉਹਨਾਂ ਦੇ ਚਿੰਨ੍ਹਾਂ ਅਤੇ ਲੱਛਣਾਂ ਦਾ ਵੇਰਵਾ
  - ਇਸ ਬਾਬਤ ਸਲਾਹ ਕਿ ਹਲਕੀ ਲਾਲੀ, ਦਰਦ, ਜਾਂ ਸੋਜ ਨਾਲ ਕਿਵੇਂ ਨਜਿੱਠਣਾ ਹੈ
  - ਜੇਕਰ ਪ੍ਰਕਿਰਿਆ ਦੇ ਬਾਅਦ ਲਾਗ ਦੇ ਕੋਈ ਸੰਕੇਤ ਵਿਕਸਿਤ ਹੁੰਦੇ ਹਨ ਤਾਂ 24 ਘੰਟਿਆਂ ਦੇ ਅੰਦਰ ਕਿਸੇ ਸਿਹਤ ਸੰਭਾਲ ਪ੍ਰਦਾਨਕ ਨਾਲ ਸਲਾਹ ਕਰਨ ਦੀ ਸਿਫ਼ਾਰਸ਼

## ਯੰਤਰ ਅਤੇ ਸਾਜ਼ੋ-ਸਮਾਨ

- ਕੰਨ ਵਿੰਨਣ ਵਾਲੀਆਂ ਬੰਦੂਕਾਂ/ਡੀਵਾਈਸਾਂ ਨੂੰ ਕੰਨਾਂ ਦੇ ਲੋਬ (ਸਿਰਫ਼ ਮਾਸ ਵਾਲਾ ਹਿੱਸਾ) ਨੂੰ ਛੱਡ ਕੇ ਸਰੀਰ ਦੇ ਕਿਸੇ ਹੋਰ ਹਿੱਸੇ 'ਤੇ ਨਹੀਂ ਵਰਤਿਆ ਜਾਣਾ ਚਾਹੀਦਾ ਹੈ।
- ਕੰਨ ਵਿੰਨ੍ਹਣ ਵਾਲੀਆਂ ਗੰਨਾਂ/ਡੀਵਾਈਸਾਂ ਜੋ ਕੰਨ ਦੇ ਸਿੱਧੇ ਸੰਪਰਕ ਵਿੱਚ ਆਉਣ ਵਾਲੇ ਕੀਟਾਣੂੰਮੁਕਤ ਕੀਤੇ, ਇੱਕ ਵਾਰ ਵਰਤੇ ਜਾਣ ਵਾਲੇ ਡਿਸਪੋਜ਼ੇਬਲ ਪਲਾਸਟਿਕ ਕਾਰਤੂਸ ਤੋਂ ਬਗੈਰ ਹੁੰਦੀਆਂ ਹਨ, ਹਰੇਕ ਗਾਹਕ ਨਾਲ ਵਰਤੋਂ ਕਰਨ ਦੇ ਦਰਮਿਆਨ ਲਾਜ਼ਮੀ ਤੌਰ 'ਤੇ ਸਾਫ਼ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਵਧੇਰੇ ਜਾਣਕਾਰੀ ਲਈ ਸਵੱਛਕਰਨ ਤੱਥ ਸ਼ੀਟ ਸਵੱਛਕਰਨ ਤੱਥ ਸ਼ੀਟ (**Sterilization Fact Sheet**) ਦੇਖੋ।
- ਡਿਸਪੋਜ਼ੇਬਲ ਅਡੈਪਟਰਾਂ ਜਾਂ ਕਾਰਤੂਸਾਂ ਤੋਂ ਬਗੈਰ ਕੰਨ ਵਿੰਨ੍ਹਣ ਵਾਲੀਆਂ ਗੰਨਾਂ/ਡੀਵਾਈਸਾਂ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

## ਸਾਫ਼ ਸਫਾਈ ਕਰਨਾ ਅਤੇ ਕੀਟਾਣੂੰ ਰਹਿਤ ਕਰਨਾ

### ਸਫ਼ਾਈ

- ਸਾਰੇ ਯੰਤਰਾਂ, ਸਾਜ਼ੋ-ਸਮਾਨ ਅਤੇ ਸਤਹਾਂ ਜਿਨ੍ਹਾਂ ਨੂੰ ਸਾਫ਼-ਸਫ਼ਾਈ, ਅਤੇ ਕੀਟਾਣੂ-ਮੁਕਤ ਕੀਤੇ ਜਾਣ ਦੀ ਲੋੜ ਹੁੰਦੀ ਹੈ, ਨੂੰ ਪਹਿਲਾਂ ਪੂਰੀ ਤਰ੍ਹਾਂ ਵੱਖ ਕੀਤਾ ਜਾਣਾ **ਲਾਜ਼ਮੀ** ਹੈ। ਫਿਰ ਚੀਜ਼ਾਂ ਨੂੰ ਸਾਬਣ ਜਾਂ ਡਿਟਰਜੈਂਟ ਨਾਲ ਗਰਮ ਪਾਣੀ ਵਿੱਚ ਸਾਫ਼ ਕਰਨਾ ਲਾਜ਼ਮੀ ਹੈ।
- ਲਿਨਨ ਨੂੰ ਵਰਤੋਂ ਤੋਂ ਬਾਅਦ ਲਾਜ਼ਮੀ ਤੌਰ 'ਤੇ ਧੋਣਾ ਚਾਹੀਦਾ ਹੈ ਅਤੇ ਲੋੜੀਂਦੀ ਸਪਲਾਈ ਉਪਲਬਧ ਹੋਣੀ ਚਾਹੀਦੀ ਹੈ।
- ਕੰਧਾਂ, ਫਰਸ਼ਾਂ, ਅੰਦਰੂਨੀ ਛੱਤਾਂ ਅਤੇ ਸਤਹਾਂ ਦੀ ਨਿਯਮਤ ਸਫਾਈ ਬਣਾਈ ਰੱਖੀ ਜਾਣੀ ਹੈ।

### ਕੀਟਾਣੂੰਨਾਸ਼ਕਤਾ

ਸਾਰੇ ਕੀਟਾਣੂਨਾਸ਼ਕ ਰੋਜ਼ਾਨਾ ਜਾਂ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ ਤਾਜ਼ੇ ਬਣਾਏ ਜਾਣੇ ਲਾਜ਼ਮੀ ਹਨ। ਸਾਰੇ ਕੀਟਾਣੂਨਾਸ਼ਕਾਂ ਦਾ ਹੈਲਥ ਕੈਨੇਡਾ ਦੁਆਰਾ ਜਾਰੀ ਡਰੱਗ ਪਛਾਣ ਨੰਬਰ (DIN) ਜਾਂ ਕੁਦਰਤੀ ਉਤਪਾਦ ਨੰਬਰ (NPN) ਹੋਣਾ ਲਾਜ਼ਮੀ ਹੈ।

| ਪੱਧਰ | ਵਰਤੋਂ ਕਦੋਂ ਕਰਨੀ ਹੈ | ਉਦਾਹਰਨਾਂ |
|---|---|---|
| ਨਿਮਨ ਪੱਧਰੀ | ਸਾਜ਼ੋ-ਸਮਾਨ ਅਤੇ ਯੰਤਰ ਜਾਂ ਵਸਤੂਆਂ ਜੋ ਗਾਹਕ ਨਾਲ ਸਿੱਧੇ ਤੌਰ 'ਤੇ ਸੰਪਰਕ ਨਹੀਂ ਕਰਦੀਆਂ ਜਾਂ | • ਸਰਵਿਸ ਟ੍ਰੇਅ<br>• ਵਾਤਾਵਰਣਕ ਸਤਹਾਂ |

| | | |
|---|---|---|
| | ਸਿਰਫ਼ ਵਾਲਾਂ ਜਾਂ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਦੀਆਂ ਹਨ। | • ਯੰਤਰ ਕੰਟੇਨਰ |
| ਮੱਧਵਰਤੀ ਪੱਧਰ | ਸਾਜ਼-ਸਾਮਾਨ, ਯੰਤਰ, ਜਾਂ ਵਸਤੂਆਂ ਜੋ ਸਿਰਫ਼ ਸਹੀ-ਸਲਾਮਤ ਚਮੜੀ ਨਾਲ ਸੰਪਰਕ ਕਰਨ ਦੇ ਇਰਾਦੇ ਨਾਲ ਬਣਾਈਆਂ ਹੁੰਦੀਆਂ ਹਨ, ਪਰ ਇਹ ਗਲਤੀ ਨਾਲ ਗੈਰ-ਸਹੀ-ਸਲਾਮਤ ਚਮੜੀ ਜਾਂ ਲੇਸਦਾਰ ਝਿੱਲੀ ਦੇ ਸੰਪਰਕ ਵਿੱਚ ਆ ਸਕਦੀਆਂ ਹਨ ਜਾਂ ਚਮੜੀ ਵਿੱਚ ਪ੍ਰਵੇਸ਼ ਕਰ ਸਕਦੀਆਂ ਹਨ। | • ਕੈਲੀਪਰ |
| ਉੱਚ ਪੱਧਰ | ਕੋਈ ਵੀ ਸਤ੍ਹਾ, ਸਾਜ਼ੋ-ਸਮਾਨ ਜਾਂ ਸੰਦ ਜੋ ਖ਼ੂਨ ਦੇ ਸੰਪਰਕ ਵਿੱਚ ਆ ਸਕਦੇ ਹਨ। | ਲਾਗੂ ਨਹੀਂ ਹੁੰਦਾ |

ਪ੍ਰਵਾਨਿਤ ਕੀਟਾਣੂਨਾਸ਼ਕਾਂ ਅਤੇ ਸੰਪਰਕ ਸਮੇਂ ਬਾਰੇ ਜਾਣਕਾਰੀ ਲਈ ਕੀਟਾਣੂੰਨਾਸ਼ਕਤਾ ਚਾਰਟ ਦੇਖੋ।

## ਰਹਿੰਦ-ਖੂੰਹਦ ਦਾ ਨਿਪਟਾਰਾ

- ਖ਼ੂਨ ਅਤੇ/ਜਾਂ ਸਰੀਰਕ ਦ੍ਰਵਾਂ ਵਾਲੇ ਰਹਿੰਦ-ਖੂੰਹਦ ਨੂੰ ਲੀਕ-ਪਰੂਫ ਬੈਗ ਵਿੱਚ ਪਾਕੇ ਸੁੱਟ ਦਿਓ।
- ਵਰਤੋਂ ਤੋਂ ਬਾਅਦ ਇੱਕ ਵਾਰ ਵਰਤੇ ਜਾਣ ਵਾਲੇ ਔਜ਼ਾਰ ਅਤੇ ਸਾਜ਼ੋ-ਸਾਮਾਨ ਨੂੰ ਬਾਹਰ ਸੁੱਟ ਦਿਓ।
- ਇੱਕ ਵਾਰ ਵਰਤੇ ਜਾਣ ਵਾਲੀਆਂ ਤਿੱਖੀਆਂ ਚੀਜ਼ਾਂ ਨੂੰ ਇੱਕ ਮਨਜ਼ੂਰਸ਼ੁਦਾ, ਤਿੱਖੀਆਂ ਚੀਜ਼ਾਂ ਦੇ ਕੰਟੇਨਰ ਵਿੱਚ ਸੁੱਟਿਆ ਜਾਣਾ ਚਾਹੀਦਾ ਹੈ ਜੋ ਕੈਨੇਡੀਅਨ ਸਟੈਂਡਰਡਜ਼ ਐਸੋਸੀਏਸ਼ਨ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ।
- ਤਿੱਖੀਆਂ ਚੀਜ਼ਾਂ ਦੇ ਕੰਟੇਨਰਾਂ ਨੂੰ ਸੀਲ ਕੀਤਾ ਅਤੇ ਬਦਲਿਆ ਜਾਣਾ ਚਾਹੀਦਾ ਹੈ ਜਦੋਂ ਸਮੱਗਰੀ ਕੰਟੇਨਰ 'ਤੇ ਨਿਸ਼ਾਨਦੇਹੀ ਕੀਤੀ ਭਰਨ ਦੀ ਲਾਈਨ ਤੱਕ ਪਹੁੰਚ ਜਾਂਦੀ ਹੈ ਜਾਂ ਜਦੋਂ ਇਹ ਤਿੰਨ-ਚੌਥਾਈ ਭਰ ਜਾਂਦਾ ਹੈ।

## ਰਿਕਾਰਡ ਰੱਖਣਾ

### ਗਾਹਕਾਂ ਦੇ ਰਿਕਾਰਡ

- ਨਿੱਜੀ ਸੇਵਾ ਪ੍ਰਦਾਨ ਕਰਨ ਤੋਂ ਪਹਿਲਾਂ, PSS ਆਪਰੇਟਰ ਜਾਂ ਵਿਅਕਤੀ ਜੋ ਨਿੱਜੀ ਸੇਵਾ ਪ੍ਰਦਾਨ ਕਰੇਗਾ, ਨੂੰ ਹੇਠ ਲਿਖੀ ਜਾਣਕਾਰੀ ਪ੍ਰਾਪਤ ਕਰਨੀ ਅਤੇ ਰਿਕਾਰਡ ਕਰਨੀ ਲਾਜ਼ਮੀ ਹੈ:
  - ਗਾਹਕ ਦਾ ਨਾਮ ਅਤੇ ਸੰਪਰਕ ਜਾਣਕਾਰੀ
  - ਸੇਵਾ ਪ੍ਰਦਾਨਕ ਦਾ ਨਾਮ
  - ਰਿਕਾਰਡ ਕਰੋ ਕਿ ਗਾਹਕ ਨੇ ਕਿਹੜੀ ਸੇਵਾ ਪ੍ਰਾਪਤ ਕੀਤੀ ਹੈ
  - ਰਿਕਾਰਡ ਕਰੋ ਕਿ ਗਾਹਕ ਨੂੰ ਪ੍ਰਕਿਰਿਆ ਅਤੇ ਜੋਖ਼ਮਾਂ ਦੀ ਵਿਆਖਿਆ ਪ੍ਰਦਾਨ ਕੀਤੀ ਗਈ ਸੀ
  - ਪ੍ਰਕਿਰਿਆ ਦੀਆਂ ਤਾਰੀਖਾਂ
  - ਪੂਰਵ-ਪੈਕ ਕੀਤੇ ਸਵੱਛ ਸਾਜ਼ੋ-ਸਮਾਨ ਦੇ ਲਾਟ ਨੰਬਰ ਅਤੇ ਮਿਆਦ ਪੁੱਗਣ ਦੀ ਮਿਤੀ

### ਉੱਚ ਪੱਧਰੀ ਕੀਟਾਣੂੰਨਾਸ਼ਕ

- ਜੇ ਉਹ ਉੱਚ ਪੱਧਰੀ ਕੀਟਾਣੂੰਨਾਸ਼ਕ ਦੀ ਵਰਤੋਂ ਕਰ ਰਹੇ ਹਨ, ਤਾਂ PSS ਤੋਂ ਲੋੜਿਆ ਜਾਂਦਾ ਹੈ ਕਿ ਉਹ ਕੀਟਾਣੂੰਨਾਸ਼ਕਤਾ ਰਿਕਾਰਡ ਲੌਗ (Disinfection Record Log) ਵਿੱਚ ਦੱਸੀ ਗਈ ਜਾਣਕਾਰੀ ਨੂੰ ਰਿਕਾਰਡ ਕਰਨ।

### ਚਾਣਚੱਕ ਖ਼ੂਨ ਜਾਂ ਸਰੀਰਕ ਦ੍ਰਵ ਦੇ ਸੰਪਰਕ ਵਿੱਚ ਆਉਣਾ

- PSS ਨੂੰ ਸਾਰੇ ਚਾਣਚੱਕ ਵਾਪਰੇ ਖ਼ੂਨ ਜਾਂ ਸਰੀਰਕ ਦ੍ਰਵ ਨਾਲ ਸੰਪਰਕਾਂ ਨੂੰ ਰਿਕਾਰਡ ਕਰਨ ਦੀ ਲੋੜ ਹੁੰਦੀ ਹੈ। ਰਿਕਾਰਡਾਂ ਵਿੱਚ ਲਾਜ਼ਮੀ ਤੌਰ 'ਤੇ ਚਾਣਚੱਕ ਖ਼ੂਨ ਦੇ ਸੰਪਰਕ ਵਿੱਚ ਆਉਣ ਦੇ ਲੌਗ (Accidental Blood Exposure Log) ਵਿੱਚ ਦੱਸੀ ਗਈ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ।

**ਰਿਕਾਰਡ ਸਾਂਭਕੇ ਰੱਖਣਾ**

- ਰਿਕਾਰਡਾਂ ਨੂੰ ਲਾਜ਼ਮੀ ਤੌਰ ’ਤੇ ਇੱਕ ਸਾਲ ਲਈ ਸਾਈਟ ’ਤੇ ਰੱਖਿਆ ਜਾਣਾ ਚਾਹੀਦਾ ਹੈ। ਪਹਿਲੇ ਸਾਲ ਤੋਂ ਬਾਅਦ, ਰਿਕਾਰਡਾਂ ਨੂੰ ਲਾਜ਼ਮੀ ਤੌਰ ’ਤੇ ਸਾਂਭਕੇ ਰੱਖਣਾ ਚਾਹੀਦਾ ਹੈ ਅਤੇ ਘੱਟੋ-ਘੱਟ ਦੋ ਸਾਲਾਂ ਲਈ ਸੁਰੱਖਿਅਤ ਥਾਂ 'ਤੇ ਆਸਾਨੀ ਨਾਲ ਉਪਲਬਧ ਹੋਣਾ ਚਾਹੀਦਾ ਹੈ।

## ਕੋਈ ਸਵਾਲ?

ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਇਲਾਕੇ ਦੇ ਪਬਲਿਕ ਹੈਲਥ ਇੰਸਪੈਕਟਰ ਨਾਲ 1-800-922-0096 ’ਤੇ ਸੰਪਰਕ ਕਰੋ।